ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ
ਕੰਪ: ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ ਨਗਰ

## ਪਬਲਿਕ ਨੋਟਿਸ

ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 185 ਆਫ 2014 ਸਵੀਟੀ ਬਡਵਾਲ ਕੇਸ ਵਿੱਚ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਸਾਲ 2008,2012 ਅਤੇ 2016 ਵਿੱਚ ਬਤੌਰ ਲੈਕਚਰਾਰ ਕੀਤੀਆਂ ਪਦ-ਉਨੱਤੀਆਂ ਨੂੰ ਰੀਵਿਊ ਕੀਤਾ ਜਾਣਾ ਹੈ। ਇਸ ਰੀਵਿਊ ਦੇ ਕਾਰਜ ਨੂੰ ਕੋਰਟ ਦੀ ਹਦਾਇਤਾਂ ਅਨੁਸਾਰ ਮੁਕੰਮਲ ਰੂਪ ਵਿੱਚ ਨੇਪਰੇ ਚਾੜਨ ਲਈ ਜਿਹੜੇ ਵੇਰਵੇ ਜਰੂਰੀ ਹਨ ਉਨ੍ਹਾਂ ਲਈ ਕੇਵਲ ਵਿਭਾਗ ਦੇ ਈ-ਪੋਰਟਲ ਤੇ ਉਪਲਬੱਧ ਡਾਟੇ ਅਨੁਸਾਰ ਹੀ ਕਾਰਵਾਈ ਕੀਤੀ ਜਾਣੀ ਹੈ ਅਤੇ ਵਿਭਾਗ ਵੱਲੋਂ ਕਿਸੇ ਕਰਮਚਾਰੀ ਤੋਂ ਅਲੱਗ ਤੋਂ ਕੋਈ ਕੇਸ/ਡਾਟਾ ਨਹੀਂ ਮੰਗਿਆ ਜਾਣਾ। ਵਿਭਾਗ ਵੱਲੋਂ ਸਮੇਂ-ਸਮੇਂ ਤੇ ਦਿੱਤੀਆਂ ਹਦਾਇਤਾਂ ਦੇ ਬਾਵਜੂਦ ਕਈ ਕਰਮਚਾਰੀਆਂ ਦਾ ਈ-ਪੋਰਟਲ ਤੇ ਡਾਟਾ ਪੂਰਾ ਉਪਲਬੱਧ ਨਹੀਂ ਹੈ, ਜਿਸ ਕਾਰਨ ਪਦ-ਉਨੱਤੀਆਂ ਦੇ ਰੀਵਿਊ ਦੇ ਕੰਮ ਨੂੰ ਮੁਕੰਮਲ ਰੂਪ ਵਿੱਚ ਕਰਨ ਲਈ ਦਿੱਕਤਾਂ ਆ ਰਹੀਆਂ ਹਨ । ਕਿਉਂ ਜੋ ਪਦ-ਉਨੱਤੀਆਂ ਸਬੰਧੀ ਸਾਰੇ ਵੇਰਵੇ ਈ-ਪੋਰਟਲ ਤੋਂ ਹੀ ਲਏ ਜਾਣੇ ਹਨ।ਇਸ ਲਈ ਸਬੰਧਤ ਮਾਸਟਰ/ਮਿਸਟ੍ਰੈਸ ਅਤੇ ਸਾਲ 2008 ਤੋਂ ਹੁਣ ਤੱਕ ਪਦ-ਉਨੱਤ ਹੋਏ ਲੈਕਚਰਾਰ ਆਪਣੇ ਹੇਠ ਲਿਖੇ ਵੇਰਵੇ ਈ-ਪੋਰਟਲ ਤੇ ਮਿਤੀ 30-05-2019 ਤੱਕ ਹਰ ਹਾਲਤ ਵਿੱਚ ਅਪਲੋਡ/ਅਪਡੇਟ ਕਰਨ:-

1. ਪੋਸਟ ਗਰੈਜੂਏਸ਼ਨ ਡਿਗਰੀ ਲਈ ਦਾਖਲਾ ਲੈਣ ਦੀ ਮਿਤੀ, ਮਹੀਨਾ ਅਤੇ ਸਾਲ।
2. ਪੋਸਟ ਗਰੈਜੂਏਸ਼ਨ ਡਿਗਰੀ ਦੇ ਆਖਰੀ ਸਮੈਸਟਰ/ਸਾਲ ਦੇ ਪੇਪਰ ਦੇਣ ਦੀ ਮਿਤੀ, ਮਹੀਨਾ ਅਤੇ ਸਾਲ।
3. ਪੋਸਟ ਗਰੈਜੂਏਸ਼ਨ ਡਿਗਰੀ ਦੇ ਪਾਸ ਕਰਨ ਦੀ ਮਿਤੀ, ਮਹੀਨਾ ਅਤੇ ਸਾਲ।
4. ਜਿਸ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਡਿਗਰੀ ਪਾਸ ਕੀਤੀ ਹੈ ਉਸ ਯੂਨੀਵਰਸਿਟੀ ਦਾ ਪੂਰਾ ਨਾਮ, ਸਥਾਨ ਅਤੇ ਰਾਜ।
5. ਗੁੱਪਤ ਰਿਪੋਰਟਾਂ (ਏ.ਸੀ.ਆਰ)।
6. ਕੈਟਾਗਿਰੀ (ਜਨਰਲ/ਐਸ.ਸੀ/ਜਨਰਲ ਆਰਥੋ/ਜਨਰਲ ਨੇਤਰਹੀਣ/ਜਨਰਲ ਗੂੰਗਾ ਬੋਲਾ/ਐਸ.ਸੀ ਆਰਥੋ/ਐਸ.ਸੀ ਨੇਤਰਹੀਣ/ਐਸ.ਸੀ ਗੂੰਗਾ ਬੋਲਾ)।

ਉਪਰੋਕਤ ਵੇਰਵੇ ਅਪਲੋਡ ਕਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਕਰਮਚਾਰੀ ਅਤੇ ਉਸ ਦੇ ਡੀ.ਡੀ.ਓ ਦੀ ਹੋਵੇਗੀ। ਉਕਤ ਵੇਰਵੇ ਅਪਲੋਡ ਨਾਂ ਹੋਣ ਦੀ ਸੂਰਤ ਵਿੱਚ ਜੇਕਰ ਕਿਸੇ ਕਰਮਚਾਰੀ ਦਾ ਕੇਸ ਪਦ-ਉਨੱਤੀ ਵਿਚਾਰਨ ਤੋਂ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਕਰਮਚਾਰੀ ਅਤੇ ਉਸ ਦੇ ਡੀ.ਡੀ.ਓ ਦੀ ਹੋਵੇਗੀ। ਜੇਕਰ ਕਿਸੇ ਸਕੂਲ ਤੋਂ ਕੋਈ ਮਾਸਟਰ/ਮਿਸਟ੍ਰੈਸ ਜਾਂ ਸਾਲ 2008 ਤੋਂ ਹੁਣ ਤੱਕ ਪਦ-ਉਨੱਤ ਹੋਇਆ ਕਰਮਚਾਰੀ ਡੈਪੂਟੇਸਨ ਤੇ ਯੂ.ਟੀ ਵਿੱਚ ਤੈਨਾਤ ਹੋ ਕੇ ਗਿਆ ਹੈ ਤਾਂ ਉਸ ਦੇ ਉਕਤ ਵੇਰਵੇ ਵਿਭਾਗ ਦੇ ਈ-ਪੋਰਟਲ ਤੇ ਅਪਲੋਡ ਕਰਨ ਦੀ/ਉਸ ਨੂੰ ਸੂਚਿਤ ਕਰਨ ਦੀ ਨਿਰੋਲ ਜਿੰਮੇਵਾਰੀ ਯੂ.ਟੀ ਲਈ ਫਾਰਗ ਕਰਨ ਵਾਲੇ ਸਕੂਲ ਦੇ ਮੌਜੂਦਾ ਡੀ.ਡੀ.ਓ ਦੀ ਹੋਵੇਗੀ। ਇੱਥੇ ਇਹ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਪਦ-ਉਨੱਤੀਆਂ ਸਬੰਧੀ ਲੋੜੀਂਦੇ ਵੇਰਵੇ ਵਿਭਾਗ ਦੇ ਈ-ਪੋਰਟਲ ਤੋਂ ਹੀ ਲਏ ਜਾਣੇ ਹਨ। ਇਸ ਲਈ ਇਨ੍ਹਾਂ ਨੂੰ ਦਿੱਤੇ ਸਮੇਂ ਵਿੱਚ ਮੁਕੰਮਲ ਕਰਵਾਉਣਾ ਅਤਿ ਜਰੂਰੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ